# ਬਾਲ ਦੇਖਭਾਲ ਵਿੱਚ ਬੱਚਿਆਂ ਦੀ ਮਾਨਸਿਕ ਸਿਹਤ ਦਾ ਸਮਰਥਨ

18 ਅਗਸਤ, 2022

## ਬੱਚਿਆਂ ਲਈ ਮਾਨਸਿਕ ਸਿਹਤ ਸਹਾਇਤਾਵਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ, ਅਲਬਰਟਾ ਅਤੇ ਕੈਨੇਡਾ ਦੀਆਂ ਸਰਕਾਰਾਂ ਸ਼ੁਰੂਆਤੀ-ਬਚਪਨ ਦੇ ਸਿੱਖਿਅਕਾਂ ਨੂੰ ਮੁਫਤ ਸਿਖਲਾਈ ਦੇਣ ਵਿੱਚ ਮਦਦ ਕਰ ਰਹੀਆਂ ਹਨ।

ਅਲਬਰਟਾ ਹੋਮ ਵਿਜ਼ਿਟੇਸ਼ਨ ਨੈੱਟਵਰਕ ਐਸੋਸੀਏਸ਼ਨ 12 ਸਾਲ ਤੱਕ ਦੇ ਬੱਚਿਆਂ ਦੀਆਂ ਸਮਾਜਿਕ ਅਤੇ ਭਾਵਨਾਤਮਕ ਲੋੜਾਂ ਬਾਰੇ, ਲਾਈਸੈਂਸਸ਼ੁਦਾ ਚਾਈਲਡ-ਕੇਅਰ ਸੈਂਟਰਾਂ ਵਿੱਚ ਕੰਮ ਕਰਨ ਵਾਲੇ ਸ਼ੁਰੂਆਤੀ-ਬਚਪਨ ਦੇ ਸਿੱਖਿਅਕਾਂ ਦੇ ਗਿਆਨ ਨੂੰ ਵਧਾਉਣ ਲਈ, ਵਿਅਕਤੀਗਤ ਅਤੇ ਵਰਚੁਅਲ ਵਰਕਸ਼ਾਪਾਂ ਲਈ ਸੰਘੀ ਫੰਡਿੰਗ ਵਿਚ ਮੌਜੂਦ $1.5 ਮਿਲੀਅਨ ਦੀ ਵਰਤੋਂ ਕਰੇਗਾ।

ਵਰਕਸ਼ਾਪਾਂ ਵਿੱਚ ਸ਼ਿਸ਼ੂ ਅਤੇ ਬਚਪਨ ਦੀ ਮਾਨਸਿਕ ਸਿਹਤ ਦੀ ਜਾਣ-ਪਛਾਣ ਸ਼ਾਮਲ ਹੋਵੇਗੀ, ਜੋ ਵਿਹਾਰਾਂ ਨੂੰ ਸਮਝਣ ਅਤੇ ਸੱਭਿਆਚਾਰਕ ਸਵੈ-ਜਾਗਰੂਕਤਾ ਦੇ ਮਹੱਤਵ ਤੇ ਕੇਂਦਰਿਤ ਹੋਵੇਗੀ। 6 ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਨਾਲ ਕੰਮ ਕਰਨ ਵਾਲੇ ਸਿੱਖਿਅਕਾਂ ਦੀ ਸਿਖਲਾਈ ਵਿੱਚ, ਸੰਕਟ ਵਿੱਚ ਬੱਚਿਆਂ ਦੀ ਮਦਦ ਕਰਨ ਲਈ ਮਾਨਸਿਕ-ਸਿਹਤ ਦੀ ਮੁੱਢਲੀ ਸਹਾਇਤਾ, ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ ਸਹਾਇਤਾ ਵੀ ਸ਼ਾਮਲ ਹੋਵੇਗੀ।

ਅਲਬਰਟਾ-ਕੈਨੇਡਾ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਐਗਰੀਮੈਂਟ ਦੇ ਤਹਿਤ, ਸ਼ੁਰੂਆਤੀ ਬਚਪਨ ਦੇ ਕਾਰਜਬਲ ਦੀ ਸਹਾਇਤਾ ਲਈ 2021-22 ਵਿੱਚ ਕੀਤੇ $56 ਮਿਲੀਅਨ ਦੇ ਇੱਕ-ਵਾਰ ਦੇ ਨਿਵੇਸ਼ ਦੁਆਰਾ $1.5-ਮਿਲੀਅਨ ਫੰਡਿੰਗ ਪ੍ਰਦਾਨ ਕੀਤੀ ਗਈ ਹੈ। ਸ਼ੁਰੂਆਤੀ ਬਚਪਨ ਦੇ ਕਾਰਜਬਲ ਦੀ ਫੰਡਿੰਗ, ਪੂਰੇ ਕੈਨੇਡਾ ਵਿਚ ਸ਼ੁਰੂਆਤੀ-ਸਿੱਖਲਾਈ ਅਤੇ ਬੱਚਿਆਂ ਦੀ ਦੇਖਭਾਲ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੀ ਹੈ।

## ਫੌਰੀ ਤੱਥ

- ਅਲਬਰਟਾ ਅਤੇ ਕੈਨੇਡਾ ਦੀਆਂ ਸਰਕਾਰਾਂ ਸ਼ੁਰੂਆਤੀ ਬਚਪਨ ਦੇ 3,350 ਤੋਂ ਵੱਧ ਸਿੱਖਿਅਕਾਂ ਨੂੰ "ਮੁਫ਼ਤ ਅਰਲੀ ਚਾਈਲਡਹੁੱਡ ਬ੍ਰੇਨ ਸਾਇੰਸ ਅਤੇ ਡਿਵੈਲਪਮੈਂਟ ਟਰੇਨਿੰਗ" ਰਾਹੀਂ ਆਪਣੇ ਹੁਨਰ ਨੂੰ ਨਿਖਾਰਨ ਵਿੱਚ ਮਦਦ ਕਰਨ ਲਈ $5.2 ਮਿਲੀਅਨ ਵੀ ਪ੍ਰਦਾਨ ਕਰ ਰਹੀਆਂ ਹਨ।
- ਅਲਬਰਟਾ ਦੀ ਸਰਕਾਰ ਬੱਚਿਆਂ ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ ਚੁਣੌਤੀਆਂ ਨੂੰ ਪਾਰ ਕਰਨ ਵਿੱਚ ਮਦਦ ਕਰਨ ਲਈ ਕਦਮ ਚੁੱਕ ਰਹੀ ਹੈ:

- ○ ਦਿ ਚਾਈਲਡ ਐਂਡ ਯੂਥ ਵੈਲਬੀਇੰਗ ਰਿਵਿਊਨੇ ਬੱਚਿਆਂ ਅਤੇ ਨੌਜਵਾਨਾਂ 'ਤੇ ਕੋਵਿਡ-19 ਦੇ ਪ੍ਰਭਾਵਾਂ ਦੀ ਜਾਂਚ ਕੀਤੀ ਅਤੇ ਕਰਾਸ-ਗਵਰਨਮੈਂਟ ਕਾਰਜ ਯੋਜਨਾ ਬਣਾਉਣ ਵਿੱਚ ਮਦਦ ਲਈ ਸਰਕਾਰ ਨੂੰ ਸਿਫਾਰਸ਼ਾਂ ਪ੍ਰਦਾਨ ਕੀਤੀਆਂ।

ਮੇਡ-ਇਨ-ਅਲਬਰਟਾ ਚਾਈਲਡ ਕੇਅਰ ਐਗਰੀਮੈਂਟ ਦੇ ਰਾਹੀਂ, ਅਲਬਰਟਾ ਦੀ ਸਰਕਾਰ ਨੇ ਬਾਲ ਦੇਖਭਾਲ ਸੰਚਾਲਕਾਂ ਦੀ ਮਦਦ ਲਈ ਪੰਜ ਸਾਲਾਂ ਵਿੱਚ $300 ਮਿਲੀਅਨ ਨਿਰਧਾਰਤ ਕੀਤੇ ਹਨ ਤਾਂ ਜੋ ਉਹ ਹੋਰ ਸ਼ੁਰੂਆਤੀ ਬਚਪਨ ਦੇ ਸਿੱਖਿਅਕਾਂ ਦੀ ਨਿਯੁਕਤੀ ਕਰ ਸਕਣ, ਅਤੇ ਜੋ ਸਿਸਟਮ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ ਹਨ, ਉਹਨਾਂ ਨੂੰ ਬਰਕਰਾਰ ਰੱਖਣ ਦੇ ਨਾਲ-ਨਾਲ ਸਿਖਲਾਈ ਦੇ ਸਕਣ।

## ਸੰਬੰਧਿਤ ਜਾਣਕਾਰੀ

- ਅਲਬਰਟਾ ਹੋਮ ਵਿਜ਼ਿਟੇਸ਼ਨ ਨੈੱਟਵਰਕ ਐਸੋਸੀਏਸ਼ਨ
- $10-ਪ੍ਰਤੀ-ਦਿਨ ਵੱਲ: ਸ਼ੁਰੂਆਤੀ ਸਿਖਲਾਈ ਅਤੇ ਬਾਲ ਦੇਖਭਾਲ